a2zpapers.com

www.a2zpapers.com

**Exam. Code : 105702**
**Subject Code : 1428**

## B.Sc. (Information Technology) 2nd Semester

## PUNJABI COMPULSORY

### Paper–VI Opt.(i)

Time Allowed—3 Hours] [Maximum Marks—50

**ਨੋਟ:—** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਇੱਕ ਭਾਗ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਨੰਬਰ ਬਰਾਬਰ ਹਨ।

### ਭਾਗ—ੳ

1. ਮੋਹਨ ਭੰਡਾਰੀ ਦੀ ਕਹਾਣੀ 'ਘੋਟਣਾ' ਦਾ ਵਿਸ਼ਾ-ਵਸਤੂ ਲਿਖੋ।

**ਜਾਂ**

'ਟਿੱਕੇਸ਼ਾ' ਦਾ ਪਾਤਰ ਚਿੱਤਰਣ ਕਰੋ। 10

### ਭਾਗ—ਅ

2. ਮਾਸਟਰ ਤਾਰਾ ਸਿੰਘ ਦਾ ਨਿਬੰਧ 'ਨਾਭਾ ਮੋਰਚਾ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਪ੍ਰੋ. ਤੇਜਾ ਸਿੰਘ ਦਾ ਨਿਬੰਧ 'ਮੁੜ ਪ੍ਰੋਫੈਸਰੀ' ਦੀ ਲਿਖਣ ਸ਼ੈਲੀ ਤੇ ਨੋਟ ਲਿਖੋ। 10

### ਭਾਗ—ੲ

3. ਸ਼ਬਦ ਦੀ ਪਰਿਭਾਸ਼ਾ ਦਿੰਦੇ ਹੋਏ ਬਣਤਰ ਦੇ ਆਧਾਰ ਤੇ ਇਸਦੀ ਵੰਡ ਉਦਾਹਰਣ ਦੇ ਕੇ ਕਰੋ।

**ਜਾਂ**

ਪੜਨਾਂਵ ਦੀ ਪਰਿਭਾਸ਼ਾ ਦਿੰਦੇ ਹੋਏ ਇਸਦੀਆਂ ਕਿਸਮਾਂ ਸੰਬੰਧੀ ਉਦਾਹਰਣਾਂ ਦੇ ਕੇ ਚਰਚਾ ਕਰੋ। 10



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

## ਭਾਗ—ਸ

4\. (ੳ) ਹੇਠ ਲਿਖੇ ਪੈਰ੍ਹੇ ਦੀ ਇੱਕ-ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਤੇ ਢੁੱਕਵਾਂ ਸਿਰਲੇਖ ਵੀ ਦਿਉ :

ਮੇਰੀ ਦਸਤਾਰ ਨੇ ਕਈ ਸੁਆਦਲੇ ਭੁਲੇਖੇ ਪਾਏ। ਆਮ ਤੌਰ ਤੇ ਹਿੰਦੁਸਤਾਨੀ ਮੁੰਡੇ 'ਰੂਮ ਵਿੱਚ ਰੂਮੀ ਪੁਸ਼ਾਕ' ਦੇ ਅਖਾਣ ਅਨੁਸਾਰ ਪ੍ਰਦੇਸ ਵਿੱਚ ਪ੍ਰਦੇਸੀਆਂ ਵਰਗਾ ਹੀ ਦਿੱਸਣ ਦਾ ਯਤਨ ਕਰਦੇ ਹਨ। ਪਰ ਮੈਨੂੰ ਆਪਣੀ ਦਸਤਾਰ ਕਰਕੇ ਉਨ੍ਹਾਂ ਤੋਂ ਅੱਡਰਾ ਦਿੱਸਣਾ ਪੈਂਦਾ ਸੀ। ਇਸ ਲਈ ਉਥੇ ਆਮ ਖ਼ਿਆਲ ਕੀਤਾ ਜਾਂਦਾ ਸੀ ਕਿ ਮੈਂ ਕਿਸੇ ਧਾਰਮਿਕ ਸਮਾਜ ਦਾ ਮੋਢੀ ਹਾਂ ਜਾਂ ਕਿਸੇ ਰਿਆਸਤ ਦਾ ਸ਼ਹਿਜ਼ਾਦਾ ਹਾਂ। ਅਖ਼ਬਾਰਾਂ ਦੇ ਰੀਪੋਰਟਰ ਮੇਰੇ ਪਿੱਛੇ ਲੱਗੇ ਰਹਿੰਦੇ ਸਨ। ਉਹ ਮੇਰੀਆਂ ਤਸਵੀਰਾਂ ਛਾਪ ਕੇ ਮੈਨੂੰ ਵੱਡਿਆ ਦੱਸਣ ਲਈ ਬਹੁਤੀਆਂ ਮਨ ਘੜਤ ਤਾਰੀਫ਼ਾਂ ਲਿਖ ਦਿੰਦੇ ਸਨ। 5

(ਅ) ਹੇਠ ਲਿਖੇ ਕੋਈ **ਤਿੰਨ** ਮੁਹਾਵਰਿਆਂ ਅਤੇ ਕੋਈ **ਦੋ** ਅਖਾਣਾਂ ਨੂੰ ਆਪਣੇ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਇਨ੍ਹਾਂ ਦੇ ਅਰਥ ਸਪੱਸ਼ਟ ਹੋ ਜਾਣ :

ਮੁਹਾਵਰੇ:— ਚੈਨ ਦਾ ਸਾਹ ਆਉਣਾ, ਗ਼ਰੀਬ ਮਾਰ ਕਰਨੀ, ਜਫ਼ਰ ਜਾਲਣਾ, ਘਰੋਂ ਘਾਟੋਂ ਜਾਣਾ, ਸਿਰ ਫੇਰਨਾ, 'ਜੱਸ ਖੱਟਣਾ'।

ਅਖਾਣ:— ਆਟੇ ਨਾਲ ਘੁਣ ਵੀ ਪਿਸ ਜਾਂਦਾ ਹੈ, ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ, ਆਪ ਮੋਏ ਜਗ ਪਰਲੋ, ਸੱਸ ਨਾ ਨਨਾਣ ਵਹੁਟੀ ਆਪ ਪਰਧਾਨ।

3+2=5

**ਨੋਟ:— ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ।

10



www.a2zpapers.com www.a2zpapers.com
oad free old Question papers gndu, ptu hp board, punjab